No. 4018 ਮਿ. 19-10-2020

# ਪਬਲਿਕ ਨੋਟਿਸ

ਇਸ ਨੋਟਿਸ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ **ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ ਪਟਿਆਲਾ** ਨੇ ਪੁਰਾਣੇ ਅਖ਼ਬਾਰਾਂ/ਮੈਗਜੀਨਾਂ ਆਦਿ ਦੀ ਰੱਦੀ ਕੁਟੇਸ਼ਨਾਂ ਪ੍ਰਾਪਤ ਕਰਕੇ ਵੇਚਣੀ ਹੈ। ਜੋ ਵੀ ਇਸ ਰੱਦੀ ਨੂੰ ਖ੍ਰੀਦਣ ਦਾ ਚਾਹਵਾਨ ਹੈ, ਉਹ ਮਿਤੀ 22-10-2020 ਸ਼ਾਮ 5.00 ਵਜੇ ਤੱਕ ਕੁਟੇਸ਼ਨਾਂ ਭੇਜ ਸਕਦਾ ਹੈ। ਇਸਤੋਂ ਬਾਅਦ ਪ੍ਰਾਪਤ ਹੋਈਆਂ ਕੁਟੇਸ਼ਨਾਂ ਰੱਦ ਸਮਝੀਆਂ ਜਾਣਗੀਆਂ। ਇਸ ਸਬੰਧੀ ਮੀਟਿੰਗ ਵਿਚ ਜਿਹੜੇ ਖਰੀਦਦਾਰ ਵੱਲੋਂ ਵੱਧ ਰੇਟ ਭਰਿਆ ਗਿਆ ਹੋਵੇਗਾ। ਉਸ ਨੂੰ ਰੱਦੀ ਵੇਚੀ ਜਾਵੇਗੀ ਅਤੇ ਰੱਦੀ ਦੇ ਖ੍ਰੀਦਦਾਰ ਨੂੰ ਰੱਦੀ ਤੁਲਵਾਉਣ ਉਪਰੰਤ ਬਣਦੀ ਕੀਮਤ ਇਸ ਸੰਸਥਾ ਦੇ ਕੈਸ਼ੀਅਰ ਜਮ੍ਹਾਂ ਕਰਵਾਉਣੀ ਹੋਵੇਗੀ ਅਤੇ ਬਣਦੀ ਰਕਮ ਜਮ੍ਹਾਂ ਕਰਵਾਉਣ ਉਪਰੰਤ ਹੀ ਖਰੀਦਦਾਰ ਨੂੰ ਰੱਦੀ ਚੁਕਵਾਈ ਜਾਵੇਗੀ ਅਤੇ ਨਿਮਨ ਹਸਤਾਖਰ ਕੋਲ ਦਰਸਾਈ ਮਿਤੀ ਨੂੰ ਅਤੇ ਸਮੇਂ ਨੂੰ ਰੱਦ ਕਰਨ ਦੇ ਅਧਿਕਾਰ ਹੋਣਗੇ।

**ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:**

1. ਕੁਟੇਸ਼ਨਾਂ ਕਮੇਟੀ ਮੈਬਰਾਂ ਵੱਲੋਂ ਖੋਲ੍ਹੀਆਂ ਜਾਣਗੀਆਂ। ਇਸ ਸਬੰਧੀ ਫੈਸਲਾ ਪ੍ਰਤੀ ਕਿਲੋ ਗ੍ਰਾਮ ਵਜਨ ਦੇ ਆਧਾਰ 'ਤੇ ਹੋਵੇਗਾ।
2. ਕੁਟੇਸ਼ਨਾਂ ਸਬੰਧੀ ਸਾਰੇ ਅਧਿਕਾਰ ਕਮੇਟੀ ਮੈਂਬਰਾਂ ਕੋਲ ਹੋਣਗੇ।
3. ਕੁਟੇਸ਼ਨਾਂ ਵਿਚ ਆਈਟਮਾਂ ਦੇ ਰੇਟ ਪਿਛਲੇ ਸਮੇਂ ਵਿਚ ਵੇਚੀ ਗਈ ਰੱਦੀ ਦੀ ਕੀਮਤ ਨਾਲੋਂ ਘੱਟ ਮੰਜ਼ੂਰ ਨਹੀਂ ਕੀਤੇ ਜਾਣਗੇ।
4. ਰੱਦੀ ਦੇ ਖਰੀਦਦਾਰ ਨੂੰ ਰੱਦੀ ਤੁਲਵਾਉਣ ਤੋਂ ਪਹਿਲਾਂ ਪ੍ਰਿੰਸੀਪਲ ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ ਪਟਿਆਲਾ ਦੇ ਕੈਸ਼ੀਅਰ ਕੋਲ ਸਾਰੀ ਬਣਦੀ ਕੀਮਤ ਜਮ੍ਹਾਂ ਕਰਵਾਉਣ ਉਪਰੰਤ ਰੱਦੀ ਚੁਕਵਾਈ ਜਾਵੇਗੀ।

**ਮਿਤੀ:** 26-10-2020 ਨੂੰ ਸਵੇਰੇ 11.00 ਵਜੇ ਅਖ਼ਬਾਰਾਂ, ਮੈਗ਼ਜੀਨਾਂ ਅਤੇ ਕਚਰਾ ਦੀ ਰੱਦੀ ਵੇਚਣ ਸਬੰਧੀ ਕੁਟੇਸ਼ਨਾਂ ਰਾਹੀਂ (ਕਮੇਟੀ ਮੈਂਬਰਜ਼) ਅਧਿਕਾਰੀਆਂ/ਕਰਮਚਾਰੀਆਂ ਦੀ ਮੌਜੂਦਗੀ ਵਿਚ ਯੋਗ ਕਰਵਾਈ ਕੀਤੀ ਜਾਵੇਗੀ।

**ਪੁਰਾਣੀ ਰੱਦੀ ਵਿਚ ਹੇਠ ਲਿਖੀਆਂ ਆਈਟਮਾਂ ਸ਼ਾਮਲ ਹਨ।**

1. ਪੁਰਾਣੀਆਂ ਅਖ਼ਬਾਰਾਂ (ਘੱਟੋ ਘੱਟ ਰੇਟ 15 ਰੁਪਏ ਪ੍ਰਤੀ ਕਿਲੋ)
2. ਪੁਰਾਣੇ ਮੈਗਜ਼ੀਨ (ਘੱਟੋ ਘੱਟ ਰੇਟ 15 ਰੁਪਏ ਪ੍ਰਤੀ ਕਿਲੋ)
3. ਕਚਰਾ (ਘੱਟੋ ਘੱਟ ਰੇਟ 10 ਰੁਪਏ ਪ੍ਰਤੀ ਕਿਲੋ)

**ਪ੍ਰਿੰਸੀਪਲ,**
**ਸਰਕਾਰੀ ਡੈਂਟਲ ਕਾਲਜ ਅਤੇ ਹਸਪਤਾਲ,**
**ਪਟਿਆਲਾ।**

19/10